Punjabi

NHS

# ਤਮਾਕੂ ਖ਼ਰੀਦ ਸਕਣ ਦੀ ਉਮਰ ਨੂੰ ਵਧਾਉਣਾ

## ਨੌਕਰੀ ਦੇਣ ਵਾਲਿਆਂ ਲਈ ਚੈੱਕਲਿਸਟ

ਸੋਮਵਾਰ, 1 ਅਕਤੂਬਰ 2007 ਤੋਂ, ਤਮਾਕੂ ਵੇਚਣ ਬਾਰੇ ਕਾਨੂੰਨ ਬਦਲ ਜਾਏਗਾ। ਇਸ ਤਾਰੀਖ਼ ਤੋਂ, 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਤਮਾਕੂ ਵੇਚਣਾ ਗ਼ੈਰ-ਕਾਨੂੰਨੀ ਹੋ ਜਾਏਗਾ (ਇਹ ਉਮਰ 16 ਸਾਲ ਤੋਂ ਵਧਾਈ ਗਈ ਹੈ)।

### ਕਾਨੂੰਨ ਵਿਚ ਹੋਣ ਵਾਲੀ ਤਬਦੀਲੀ ਲਈ ਆਪਣੇ ਸਟਾਫ਼ ਨੂੰ ਯਕੀਨੀ ਤੌਰ ’ਤੇ ਤਿਆਰ ਕਰਲ ਲਈ ਤੁਸੀਂ ਕਈ ਕੰਮ ਕਰ ਸਕਦੇ ਹੋ:

- [ ] ਦੁਕਾਨ ਦੇ ਕਾਊਂਟਰ ’ਤੇ ਜਾਂ ਨੇੜੇ ਸਹੀ ਕਿਸਮ ਦੇ ਸਾਈਨ ਲਾਓ, ਜੋ ਸਪਸ਼ਟ ਦਿਸਣ। ਇਿਹਦੇ ਨਾਲ ਘੱਟ ਉਮਰ ਦੇ ਗਾਹਕ ਤਮਾਕੂ ਖ਼ਰੀਦਣ ਦੀ ਕੋਸ਼ਿਸ਼ ਕਰਨੋਂ ਹੀ ਝਿਜਕਣਗੇ, ਅਤੇ ਉਹਨਾਂ ਨੂੰ ਇਹ ਯਾਦ ਦੁਆਉਣ ਵਿਚ ਤੁਹਾਨੂੰ ਅਤੇ ਤੁਹਾਡੇ ਸਟਾਫ਼ ਨੂੰ ਮਦਦ ਮਿਲੇਗੀ ਕਿ ਤੁਸੀਂ ਸਿਰਫ਼ ਕਾਨੂੰਨ ਦਾ ਪਾਲਣ ਕਰ ਰਹੇ ਹੋ।
- [ ] ਕਾਨੂੰਨ ਵਿਚ ਹੋਈ ਤਬਦੀਲੀ ਬਾਰੇ ਆਪਣੇ ਸਟਾਫ਼ ਨੂੰ ਦੱਸੋ ਅਤੇ ਉਹਨਾਂ ਨੂੰ ਸਿਖਾਓ ਕਿ ਜੇ ਉਹਨਾਂ ਨੂੰ ਗਾਹਕ ਦੀ ਉਮਰ ਬਾਰੇ ਕੋਈ ਸ਼ੱਕ ਹੋਵੇ, ਤਾਂ ਉਹ ਉਹਦੀ ਉਮਰ ਦਾ ਸਬੂਤ ਮੰਗਣ। ਆਪਣੇ ਸਟਾਫ਼ ਨੂੰ ਯਕੀਨੀ ਤੌਰ ’ਤੇ ਸਮਝਾ ਦਿਓ ਕਿ ਜੇ ਉਹ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਤਮਾਕੂ ਵਾਲੀਆਂ ਚੀਜ਼ਾਂ ਵੇਚਣਗੇ ਤਾਂ ਉਹਨਾਂ ਦਾ ਆਪਣਾ ਕਸੂਰ ਮੰਨਿਆ ਜਾਏਗਾ।
- [ ] ਕਾਨੂੰਨ ਵਿਚ ਹੋਣ ਵਾਲੀ ਤਬਦੀਲੀ ਬਾਰੇ ਸਟਾਫ਼ ਨੂੰ ਜਿਹੜੀ ਸਿਖਲਾਈ ਤੁਸੀਂ ਦਿਓਗੇ, ਉਹਦਾ ਲਿਖਤੀ ਰਿਕਾਰਡ ਰੱਖੋ, ਅਤੇ ਆਪਣੇ ਸਟਾਫ਼ ਵਾਲਿਆਂ ਤੋਂ ਇਸ ਲਿਖਤ ’ਤੇ ਦਸਤਖ਼ਤ ਕਰਵਾਓ ਕਿ ਇਹ ਗੱਲ ਉਹਨਾਂ ਦੀ ਸਮਝ ਆ ਗਈ ਹੈ। ਫਿਰ ਇਸ ਲਿਖਤ ਨੂੰ ਹਵਾਲਾ ਦੇਣ ਲਈ ਫ਼ਾਈਲ ਵਿਚ ਲਗਾ ਲਓ।
- [ ] ਇਕ ‘ਇਨਕਾਰ ਰਜਿਸਟਰ’ ਰੱਖੋ, ਜਿਸ ਵਿਚ ਇਹ ਦਰਜ ਕਰਦੇ ਰਹੋ ਕਿ ਕਿਸ ਵੇਲੇ ਤੁਸੀਂ ਜਾਂ ਸਟਾਫ਼ ਨੇ ਘੱਟ ਉਮਰ ਦੇ ਕਿਸੇ ਨੌਜਵਾਨ ਨੂੰ ਤਮਾਕੂ ਵੇਚਣੋਂ ਨਾਂਹ ਕੀਤੀ। ਇਸ ਵਿਚ ਉਸ ਘਟਨਾ ਦਾ ਦਿਨ ਅਤੇ ਸਮਾਂ, ਮੰਗੀ ਜਾ ਰਹੀ ਚੀਜ਼ ਦਾ ਨਾਂ, ਨਾਂਹ ਕਰਨ ਦਾ ਕਾਰਣ, ਅਤੇ ਗਾਹਕ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਲਿਖੋ। ਖ਼ਾਸ ਖ਼ਿਆਲ ਰੱਖੋ ਕਿ ਵਰਤੋਂ ਕਰਨ ਅਤੇ ਹਵਾਲਾ ਦੇਣ ਲਈ ‘ਇਨਕਾਰ ਰਜਿਸਟਰ’ ਹਰ ਵੇਲੇ ਕੋਲ ਹੋਵੇ।
- [ ] ਜੇ ਸਟਾਫ਼ ਨੂੰ ਕੋਈ ਗਾਹਲਾਂ ਕੱਢੇ ਜਾਂ ਧਮਕੀਆਂ ਦੇਵੇ, ਤਾਂ ਤੁਹਾਨੂੰ ਸਟਾਫ਼ ਦੀ ਮਦਦ ਕਰਨ ਅਤੇ ਉਹਨਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।
- [ ] ਖ਼ਰਾਬੀ ਕਰਨ ਵਾਲੇ ਗਾਹਕਾਂ ਬਾਰੇ ਜਾਣਕਾਰੀ ਇਲਾਕੇ ਦੇ ਹੋਰ ਕਾਰੋਬਾਰਾਂ ਨਾਲ ਸਾਂਝੀ ਕਰਨ ਬਾਰੇ ਵੀ ਤੁਸੀਂ ਵਿਚਾਰ ਕਰ ਸਕਦੇ ਹੋ।
- [ ] ਜੇ ਤੁਸੀਂ ਆਪਣੇ ਕਾਰੋਬਾਰ ਵਿਚ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨੌਕਰੀ ਦਿੰਦੇ ਹੋ, ਤਾਂ ਤਮਾਕੂ ਵੇਚਣ ਦਾ ਕੰਮ ਕਰਨਾ ਉਹਦੇ ਲਈ ਗ਼ੈਰ-ਕਾਨੂੰਨੀ ਨਹੀਂ ਹੈ, ਜਦ ਤਕ ਗਾਹਕ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ। ਪਰ ਹੋ ਸਕਦਾ ਹੈ ਕਿ ਅਜਿਹੇ ਨੌਕਰਾਂ ਨੂੰ ਆਪਣੀ ਉਮਰ ਦੇ ਲੋਕਾਂ ਨੂੰ ਤਮਾਕੂ ਵੇਚਣੋਂ ਨਾਂਹ ਕਰਨਾ ਮੁਸ਼ਕਿਲ ਜਾਪੇ। ਇਸ ਕਰਕੇ ਉਹਨਾਂ ਦੀ ਨਿਗਰਾਨੀ ਨਾ ਕਰਨਾ, ਨੌਕਰ ਰੱਖਣ ਦਾ ਮਾੜਾ ਢੰਗ ਮੰਨਿਆ ਜਾਂਦਾ ਹੈ, ਅਤੇ ਇਸ ਮਾੜੇ ਢੰਗ ਦੀ ਵਰਤੋਂ ਦੀ ਸਲਾਹ ਅਸੀਂ ਨਹੀਂ ਦਿੰਦੇ।
- [ ] ਜੇ ਤੁਹਾਡੇ ਕੋਲ ਈਪੋਸ (EPOS) ਸਿਸਟਮ ਹੈ, ਤਾਂ ਇਹਦੇ ਨਾਲ ਇਸ਼ਾਰਾ ਦੇ ਕੇ ਕਾਨੂੰਨ ਵਿਚ ਹੋਈ ਤਬਦੀਲੀ ਬਾਰੇ ਅਤੇ ਕਾਨੂੰਨ ਦਾ ਪਾਲਣ ਕਰਨ ਬਾਰੇ ਸਟਾਫ਼ ਨੂੰ ਯਾਦ ਕਰਵਾਇਆ ਜਾ ਸਕਦਾ ਹੈ।

SMOKEFREE

## ਸਟਾਫ਼ ਲਈ ਜਾਣਕਾਰੀ

ਸੋਮਵਾਰ, 1 ਅਕਤੂਬਰ 2007 ਤੋਂ, ਤਮਾਕੂ ਵੇਚਣ ਬਾਰੇ ਕਾਨੂੰਨ ਬਦਲ ਜਾਏਗਾ। ਇਸ ਤਾਰੀਖ਼ ਤੋਂ, 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਤਮਾਕੂ ਵੇਚਣਾ ਗ਼ੈਰ-ਕਾਨੂੰਨੀ ਹੋ ਜਾਏਗਾ (ਇਹ ਉਮਰ 16 ਸਾਲ ਤੋਂ ਵਧਾਈ ਗਈ ਹੈ)।

ਜੇ ਤੁਹਾਨੂੰ ਕਿਸੇ ਵਿਅਕਤੀ ਦੀ ਉਮਰ ਬਾਰੇ ਕੋਈ ਸ਼ੱਕ ਹੋਵੇ ਤਾਂ ਤੁਸੀਂ ਉਹਦੀ ਪਛਾਣ ਦਾ ਫ਼ੋਟੋ ਵਾਲਾ ਸਬੂਤ ਮੰਗੋ। ਉਮਰ ਦੱਸਣ ਦਾ ਸਬੂਤ ਦੇਣ ਵਾਲੇ ਸਹੀ ਦਸਤਾਵੇਜ਼ਾਂ ਵਿਚ ਪਾਸਪੋਰਟ, ਫ਼ੋਟੋ ਵਾਲਾ ਡ੍ਰਾਈਵਿੰਗ ਲਾਈਸੰਸ, ਸਿਟੀਜ਼ਨਕਾਰਡ, ਪੋਰਟਮੈਨ 'ਪਰੂਵ ਇਟ' ਕਾਰਡ, ਜਾਂ ਵੈਲੀਡੇਟ ਕਾਰਡ ਵਾਲੇ ਉਮਰ ਦੇ ਪ੍ਰਵਾਨਤ ਸਬੂਤ ਸ਼ਾਮਿਲ ਹਨ। ਉਮਰ ਦੇ ਸਭ ਕਾਰਡਾਂ 'ਤੇ 'ਪਾਸ' (PASS) ਹੋਲੋਗਰਾਮ ਲੋਗੋ ਜ਼ਰੂਰ ਦੇਖੋ।

ਜੇ ਤੁਹਾਨੂੰ ਹਾਲੇ ਵੀ ਸ਼ੱਕ ਹੋਵੇ, ਤਾਂ ਤਮਾਕੂ ਵੇਚਣ ਦਾ ਕੰਮ ਨਹੀਂ ਹੋਣਾ ਚਾਹੀਦਾ। ਯਾਦ ਰੱਖੋ ਕਿ ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਤਮਾਕੂ ਵੇਚੋਗੇ, ਤਾਂ ਇਹ ਤੁਹਾਡਾ ਆਪਣਾ ਕਸੂਰ ਮੰਨਿਆ ਜਾਏਗਾ।

ਜਦ ਵੀ ਕਿਸੇ ਗਾਹਕ ਦੀ ਉਮਰ ਘੱਟ ਹੋਣ ਕਰਕੇ ਤੁਸੀਂ ਉਹਨੂੰ ਤਮਾਕੂ ਵੇਚਣੋਂ ਨਾਂਹ ਕਰੋ, ਤਾਂ ਤੁਸੀਂ ਇਹਦੇ ਬਾਰੇ ਜਾਣਕਾਰੀ ਉਸ 'ਇਨਕਾਰ ਰਜਿਸਟਰ' ਵਿਚ ਦਰਜ ਕਰੋ ਜੋ ਤੁਹਾਡੇ ਕੰਮ ਦੇ ਮਾਲਿਕ ਨੇ ਰੱਖਿਆ ਹੈ।

ਹੋ ਸਕਦਾ ਹੈ ਕਿ 1 ਅਕਤੂਬਰ ਤੋਂ ਬਾਅਦ ਕੁਝ 16 ਜਾਂ 17 ਸਾਲ ਦੇ ਨੌਜਵਾਨ ਇਸ ਕਰਕੇ ਦੁਖੀ ਹੋਣ ਕਿ ਉਹਨਾਂ ਨੂੰ ਤਮਾਕੂ ਨਹੀਂ ਵੇਚਿਆ ਗਿਆ। ਇਹਨਾਂ ਨਾਲ ਝਗੜੇ ਤੋਂ ਬਚਣ ਲਈ ਤੁਸੀਂ ਇਹ ਕੰਮ ਕਰੋ:

- ☐ ਇਹਨਾਂ ਨਾਲ ਸਮਝਦਾਰੀ ਅਤੇ ਨਿਮਰਤਾ ਨਾਲ ਗੱਲ ਕਰੋ। ਨਾਂਹ ਹੋਣ ਕਰਕੇ ਉਹ ਪਰੇਸ਼ਾਨ ਹੋ ਸਕਦੇ ਹਨ। ਤੁਸੀਂ ਮੁਆਫ਼ੀ ਮੰਗੋ ਅਤੇ ਉਹਨਾਂ ਨੂੰ ਗੁੱਸੇ ਨਾ ਕਰੋ, ਅਤੇ ਨਾ ਹੀ ਖ਼ੁਦ ਗੁੱਸੇ ਹੋਵੋ।
- ☐ ਸ਼ਾਂਤ ਰਹੋ, ਜੇ ਉਹ ਉੱਚਾ ਬੋਲਣ ਵੀ ਤਦ ਵੀ ਤੁਸੀਂ ਉੱਚਾ ਨਾ ਬੋਲੋ। ਜੇ ਉਹ ਗੁੱਸੇ ਹੋ ਜਾਣ, ਤਦ ਵੀ ਤੁਹਾਡਾ ਵਤੀਰਾ ਕਾਰੋਬਾਰੀ ਰਹਿਣਾ ਚਾਹੀਦਾ ਹੈ ਅਤੇ ਤੁਹਾਨੂੰ ਆਪਣੀ ਗੱਲ 'ਤੇ ਡਟੇ ਰਹਿਣਾ ਚਾਹੀਦਾ ਹੈ।
- ☐ ਉਹਨਾਂ ਨੂੰ ਸਮਝਾਓ ਕਿ ਉਹਨਾਂ ਨੂੰ ਤਮਾਕੂ ਵੇਚਣਾ ਕਾਨੂੰਨ ਦੇ ਖ਼ਿਲਾਫ਼ ਹੈ - ਇਹ ਕੋਈ ਨਿਜੀ ਗੱਲ ਨਹੀਂ।
- ☐ ਤੁਹਾਡੇ ਅਤੇ ਗਾਹਕ ਦੇ ਵਿਚਾਲੇ ਸਦਾ ਕਾਊਂਟਰ ਰਹਿਣਾ ਚਾਹੀਦਾ ਹੈ।
- ☐ ਜੇ ਕੋਈ ਗਾਹਕ ਕੁੱਟਮਾਰ ਕਰੇ ਜਾਂ ਅਜਿਹਾ ਕਰਨ ਦੀ ਕੋਸ਼ਿਸ਼ ਕਰੇ, ਅਤੇ ਤੁਹਾਨੂੰ ਸੰਕਟ ਵੇਲੇ ਮਦਦ ਦੀ ਲੋੜ ਹੋਵੇ, ਤਾਂ ਪੁਲਿਸ ਨੂੰ ਬੁਲਾਓ।
- ☐ ਖ਼ਾਸ ਖ਼ਿਆਲ ਰੱਖੋ ਕਿ ਕਿਸੇ ਗੰਭੀਰ ਘਟਨਾ ਵੇਲੇ ਬਚ ਕੇ ਨਿਕਲ ਜਾਣ ਲਈ ਤੁਹਾਡੇ ਕੋਲ ਕੋਈ ਥਾਂ ਹੋਵੇ।
- ☐ ਅਜਿਹੀ ਕਿਸੇ ਵੀ ਘਟਨਾ ਦੀ ਰਿਪੋਰਟ ਪੁਲਿਸ ਕੋਲ ਕਰੋ।
- ☐ ਜੇ ਉੱਪਰ ਦੱਸੀਆਂ ਗੱਲਾਂ ਵਿਚੋਂ ਕੋਈ ਤੁਹਾਨੂੰ ਪੂਰੀ ਤਰ੍ਹਾਂ ਸਮਝ ਨਹੀਂ ਆਈ, ਤਾਂ ਆਪਣੇ ਕੰਮ ਦੇ ਮਾਲਿਕ/ਮੈਨੇਜਰ ਨਾਲ ਗੱਲ ਕਰੋ।

ACS | the voice of local shops

Usdaw Union of Shop, Distributive and Allied Workers

DOH 283275 8/07 6000CY